# 1. ਸਾਧਨਾ ਤੇ ਸਾਦਗੀ ਦੀ ਮੂਰਤ : ਭਗਤ ਧੰਨਾ ਜੀ

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂਆਂ ਦੀ ਬਾਣੀ ਦੇ ਨਾਲ ਭੱਟ ਸਾਹਿਬਾਨ, ਗੁਰੂ ਘਰ ਦੇ ਨਿਕਟਵਰਤੀ ਸਿੱਖਾਂ ਤੇ ਪੰਦਰਾਂ ਭਗਤਾਂ ਦੀ ਬਾਣੀ ਵੀ ਸ਼ਾਮਲ ਕੀਤੀ ਗਈ ਹੈ। ਭਗਤ ਸਾਹਿਬਾਨਾਂ ਵਿੱਚੋਂ ਦੋ ਭਗਤ ਰਾਜਸਥਾਨ ਦੇ ਹਨ– ਭਗਤ ਪੀਪਾ ਜੀ ਤੇ ਭਗਤ ਧੰਨਾ ਜੀ। ਭਗਤ ਪੀਪਾ ਜੀ ਗਾਗਰੌਨਗੜ੍ਹ ਰਿਆਸਤ ਦੇ ਹੁਕਮਰਾਨ ਸਨ ਪਰ ਧੰਨਾ ਜੀ ਇੱਕ ਕਿਸਾਨ ਸਨ। ਉਹਨਾਂ ਦੀ ਰੋਜ਼ੀ ਰੋਟੀ ਦਾ ਵਸੀਲਾ ਖੇਤੀ ਤੇ ਪਸ਼ੂ ਪਾਲਣ ਸੀ।

ਧੰਨਾ ਜੀ ਦੀ ਜ਼ਿੰਦਗੀ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਭਗਤ ਜੀ ਦਾ ਜਨਮ ਅਪ੍ਰੈਲ 1416 ਈ. ਵਿੱਚ ਰਾਜਸਥਾਨ ਦੇ ਜ਼ਿਲ੍ਹਾ ਟੌਂਕ ਦੇ ਇਕ ਪਿੰਡ ਧੂੰਆਂ ਕਲਾਂ ਵਿੱਚ ਹੋਇਆ ਸੀ। ਭਗਤ ਜੀ ਦੇ ਪਿਤਾ ਦਾ ਨਾਂ ਭੋਲਾ ਜੀ ਤੇ ਮਾਤਾ ਦਾ ਨਾਂ ਧੰਨੋ ਜੀ ਸੀ।

ਪਿੰਡ ਧੂੰਆਂ ਕਲਾਂ ਦੇ ਰਕਬੇ ਅੰਦਰ ਭਗਤ ਜੀ ਦੇ ਖੇਤ ਵੀ ਹਨ। ਉੱਥੇ ਉਹਨਾਂ ਦੀ ਯਾਦ ਵਿੱਚ ਇੱਕ ਮੰਦਰ ਵੀ ਬਣਿਆ ਹੋਇਆ ਹੈ। ਕਹਿੰਦੇ ਹਨ ਜਿੱਥੇ ਮੰਦਰ ਹੈ, ਇੱਥੇ ਇੱਕ ਥੜ੍ਹਾ ਹੁੰਦਾ ਸੀ, ਜਿੱਥੇ ਖੇਤਾਂ 'ਚ ਕੰਮ ਕਰਦੇ ਸਮੇਂ ਜਾਂ ਪਸ਼ੂ ਚਰਾਉਂਦੇ ਸਮੇਂ, ਭਗਤ ਧੰਨਾ ਜੀ ਭਗਤੀ ਅਤੇ ਆਰਾਮ ਕਰਿਆ ਕਰਦੇ ਸਨ। ਉਹਨਾਂ ਦੇ ਖੇਤ ਵਿੱਚ ਇੱਕ ਖੂਹ ਹੁੰਦਾ ਸੀ, ਜਿਹੜਾ ਅੱਜ ਵੀ ਉੱਥੇ ਮੌਜੂਦ ਹੈ।

ਥੋੜ੍ਹੇ ਸਾਲ ਪਹਿਲਾਂ ਸੰਤ ਲੱਖਾ ਸਿੰਘ ਜੀ ਸਰਹਾਲੀ ਵਾਲਿਆਂ ਨੇ ਭਗਤ ਧੰਨਾ ਜੀ ਦੀ ਯਾਦ ਵਿੱਚ ਉੱਥੇ ਇੱਕ ਗੁਰਦੁਆਰਾ ਸਾਹਿਬ ਬਣਾਇਆ ਹੈ। ਸੰਤਾਂ ਦੀ ਇੱਛਾ ਸੀ ਕਿ ਗੁਰਦੁਆਰਾ ਭਗਤ ਜੀ ਦੀ ਜ਼ਮੀਨ ਵਿੱਚ ਬਣੇ। ਪਰ ਉਸ ਜ਼ਮੀਨ ਦੀ ਸੰਭਾਈ ਕਰਦੀ, ਆਸੇ-ਪਾਸੇ ਦੇ ਕਈ ਪਿੰਡਾਂ ਦੀ ਪੰਚਾਇਤ ਨੇ, ਉਸ ਜ਼ਮੀਨ ਵਿੱਚੋਂ ਥਾਂ ਦੇਣ ਤੋਂ ਨਾਂਹ ਕਰ ਦਿੱਤੀ ਤਾਂ ਸੰਤ ਜੀ ਨੇ ਉਸ ਜ਼ਮੀਨ ਦੇ ਬਿਲਕੁਲ ਨਾਲ ਲੱਗਦੀ ਜ਼ਮੀਨ ਮਹਿੰਗੇ ਭਾਅ ਖ਼ਰੀਦ ਕੇ, ਉੱਥੇ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਵਾਈ। ਜਿੱਥੇ ਹੁਣ ਹਰ ਸਾਲ ਭਗਤ ਧੰਨਾ ਜੀ ਦਾ ਜਨਮ ਦਿਨ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।

ਜਦੋਂ ਇਸ ਇਲਾਕੇ ਵਿੱਚ ਬੀਸਲਪੁਰ ਬੰਨ੍ਹ (ਡੈਮ) ਬਣਿਆ ਤਾਂ ਸਿੰਚਾਈ ਲਈ ਉਸ ਇਲਾਕੇ ਵਿੱਚ ਨਹਿਰਾਂ ਕੱਢੀਆਂ ਗਈਆਂ। ਇੱਕ ਕੱਸੀ ਭਗਤ ਜੀ ਦੇ ਖੇਤ ਵਿੱਚ ਦੀ ਬਣੀ ਤਾਂ ਉਹਨਾਂ ਦੇ ਖੇਤ ਦਾ ਕੁਝ ਹਿੱਸਾ ਬਣ ਰਹੇ ਗੁਰਦੁਆਰਾ ਸਾਹਿਬ ਵੱਲ ਰਹਿ ਗਿਆ। ਧੰਨਾ ਜੀ ਦਾ ਖੂਹ ਵੀ ਉਸ ਹਿੱਸੇ ਵਿੱਚ ਹੈ। ਹੁਣ ਪੰਚਾਇਤ ਨੇ ਉਹ ਜਗ੍ਹਾ ਵੀ ਧੰਨਾ ਜੀ ਦੀ ਯਾਦ ਵਿੱਚ ਬਣੇ ਗੁਰਦੁਆਰੇ ਦੇ ਪ੍ਰਬੰਧਕਾਂ ਨੂੰ ਸੌਂਪ ਦਿੱਤੀ ਹੈ।

ਜ਼ਿਲ੍ਹਾ ਜੈਪੁਰ ਦੀ ਤਹਿਸੀਲ ਫਾਗੀ ਵਿੱਚ ਚੋਰੂ ਨਾਂ ਦਾ ਇੱਕ ਪਿੰਡ ਹੈ। ਉੱਥੋਂ ਦੇ ਲੋਕਾਂ ਦਾ ਯਕੀਨ ਤੇ ਕਹਿਣਾ ਹੈ ਕਿ ਭਗਤ ਧੰਨਾ ਜੀ ਚੌਰੂ ਪਿੰਡ ਵਿੱਚ ਪੈਦਾ ਹੋਏ ਸਨ। ਉੱਥੇ ਵੀ ਹੁਣ, ਉਹਨਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਬਣ ਰਿਹਾ ਹੈ ਤੇ ਪਿੰਡ ਵਾਲਿਆਂ ਵੱਲੋਂ ਇਕ ਮੰਦਰ ਦੀ ਉਸਾਰੀ ਵੀ ਹੋ ਰਹੀ ਹੈ। ਸੰਭਵ ਹੈ ਕਿ ਪਹਿਲਾਂ ਧੰਨਾ ਜੀ ਦੇ ਵਡੇਰੇ ਉੱਥੇ ਰਹਿੰਦੇ ਰਹੇ ਹੋਣ ਤੇ ਫੇਰ ਉੱਥੋਂ ਧੂੰਆਂ ਕਲਾਂ ਚਲੇ ਗਏ ਹੋਣ ਜਾਂ ਚੋਰੂ ਉਹਨਾਂ ਦਾ ਨਾਨਕਾ ਪਿੰਡ ਹੋਵੇ।

ਭਗਤ ਧੰਨਾ ਜੀ ਦੇ ਨਾਂ ਨਾਲ ਬਹੁਤ ਸਾਰੀਆਂ ਸਾਖੀਆਂ ਜੁੜੀਆਂ ਹੋਈਆਂ ਹਨ। ਜੋ ਆਲੇ-ਦੁਆਲੇ ਦੇ ਪਿੰਡਾਂ ਵਿੱਚ ਪ੍ਰਸਿੱਧ ਹਨ। ਕੁਝ ਸੱਚੀਆਂ ਵੀ ਹੋ ਸਕਦੀਆ ਹਨ; ਪਰ ਲੱਗਦਾ ਹੈ ਕਿ

ਜ਼ਿਆਦਾਤਰ ਸ਼ਰਧਾਲੂਆਂ ਵੱਲੋਂ ਸ਼ਰਧਾ ਪੱਖੋਂ ਬਣਾਈਆਂ ਗਈਆਂ ਹਨ। ਇਹ ਸਾਖੀਆਂ ਦਰਸਾਉਂਦੀਆਂ ਹਨ ਕਿ ਭਗਤ ਜੀ ਪਹਿਲਾਂ ਬੁੱਤ-ਪੂਜਾ ਕਰਦੇ ਹੋਣਗੇ ਅਤੇ ਫੇਰ ਹੋਰ ਭਗਤਾਂ ਦੀ ਸੰਗਤ ਤੇ ਬਾਣੀ ਦੇ ਪ੍ਰਭਾਵ ਸਦਕਾ ਉਹਨਾਂ ਦੇ ਖਿਆਲ ਪਰਿਵਰਤਿਤ ਹੋ ਗਏ ਹੋਣਗੇ। ਮਨ ਬਦਲਣ 'ਤੇ ਉਹਨਾਂ ਨੇ ਹੋਰ ਭਗਤਾਂ ਨਾਲ ਕਾਸ਼ੀ ਜਾ ਕੇ ਦੀਖਿਆ ਲਈ ਤੇ ਇੱਕ ਸਰਬ ਸ਼ਕਤੀਮਾਨ ਰੱਬ ਦੀ ਪੂਜਾ ਕਰਨ ਲੱਗੇ।

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਨ ਵੇਲੇ ਬਾਣੀਕਾਰਾਂ ਦਾ ਧਰਮ ਤੇ ਜ਼ਾਤ ਨਹੀਂ ਵੇਖੀ, ਸਗੋਂ ਉਹਨਾਂ ਦੀ ਰਚਨਾ ਵੇਖੀ। ਵੱਡੀ ਗੱਲ ਇਹ ਵੀ ਹੈ ਕਿ ਗੁਰੂ ਸਾਹਿਬਾਨ ਤੇ ਦੂਸਰੇ ਬਾਣੀਕਾਰਾਂ ਨੇ ਜਿਸ ਜੀਵਨ-ਜਾਚ ਦਾ ਢੰਗ ਲੋਕਾਈ ਨੂੰ ਦੱਸਿਆ ਹੈ, ਆਪ ਵੀ ਉਸ ਅਨੁਸਾਰ ਹੀ ਵਿਚਰਦੇ ਸਨ।

ਉਹਨਾਂ ਦੀ ਬਾਣੀ ਤੇ ਗੁਰਬਾਣੀ ਵਿਚਕਾਰ ਵਿਚਾਰਧਾਰਕ ਸਾਂਝ ਕਰਕੇ ਹੀ, ਗੁਰੂ ਅਰਜਨ ਦੇਵ ਜੀ ਨੇ ਇਹਨਾਂ ਦੇ ਤਿੰਨ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤੇ। ਸਿੱਖ ਜਦੋਂ ਗੁਰੂਆਂ ਦੀ ਬਾਣੀ ਅੱਗੇ ਸਿਰ ਝੁਕਾਉਂਦੇ ਹਨ ਤਾਂ ਉਹਨਾਂ ਦਾ ਸਿਰ ਭਗਤਾਂ ਦੀ ਬਾਣੀ ਅੱਗੇ ਵੀ ਝੁਕ ਜਾਂਦਾ ਹੈ।

ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਉਹਨਾਂ ਦੀ ਬਾਣੀ ਵੱਲ ਝਾਤ ਮਾਰੀਏ ਤਾਂ ਪਹਿਲੇ ਸ਼ਬਦ ਵਿੱਚ ਉਹ ਸਮਝਾਉਂਦੇ ਹਨ- ਮਨੁੱਖ ਦਾ ਮਨ ਲਾਲਚ 'ਚ ਫਸਿਆ ਰਹਿੰਦਾ ਹੈ। ਪੰਜੇ ਵਿਕਾਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਜ਼ਹਿਰ ਦੇ ਬਰਾਬਰ ਹਨ, ਪਰ ਇਹ ਲਾਲਚੀ ਮਨ ਨੂੰ ਮਿੱਠੇ ਜਾਪਦੇ ਹਨ। ਵਿਕਾਰੀ ਮਨੁੱਖ ਨੇ ਆਵਾਗਵਨ ਤੋਂ ਛੁਟਕਾਰਾ ਪਾਉਣ ਦੀ ਜੁਗਤ ਨਹੀਂ ਸਿੱਖੀ। ਮਨ 'ਚ ਪ੍ਰਭੂ ਦਾ ਨਾਮ ਨਹੀਂ ਵਸਾਇਆ। ਮੁਕਤੀ ਤਾਂ ਗੁਰੂ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਪ੍ਰਭੂ ਦੀ ਮਿਹਰ ਨਾਲ ਚੰਗੀ ਸੰਗਤ 'ਚ ਬੈਠ ਕੇ ਮਨ ਵਿੱਚ ਗਿਆਨ ਦਾ ਵਾਸਾ ਹੁੰਦਾ ਹੈ। ਨਾਮ ਜਪ ਕੇ, ਭਗਤੀ ਅਪਣਾ ਕੇ ਆਤਮਾ ਦੇ ਸੁੱਖ ਦੀ ਪਛਾਣ ਹੁੰਦੀ ਹੈ-

ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ ॥

ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ ॥ ੩ ॥

ਜੋਤਿ ਸਮਾਇ ਸਮਾਨੀ ਜਾ ਕੈ ਅਛਲੀ ਪ੍ਰਭੁ ਪਹਿਚਾਨਿਆ ॥

ਧੰਨੈ ਧਨੁ ਪਾਇਆ ਧਰਣੀਧਰੁ ਮਿਲਿ ਜਨ ਸੰਤ ਸਮਾਨਿਆ ॥ ੪ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੪੮੭)

ਦੂਜੇ ਸ਼ਬਦ ਰਾਹੀਂ ਵੀ ਪ੍ਰਭੂ ਸਿਮਰਨ ਲਈ ਕਿਹਾ ਗਿਆ ਹੈ, ਕਿਉਂਕਿ ਪ੍ਰਭੂ ਹੀ ਦੁਨੀਆਂ ਨੂੰ ਰਚਣ ਵਾਲਾ ਹੈ, ਹੋਰ ਕੋਈ ਹਸਤੀ ਨਹੀਂ। ਉਹ ਰੋਜ਼ੀ ਦਿੰਦਾ ਹੈ, ਸਾਰਿਆਂ ਦੀ ਪਾਲਣਾ ਕਰਦਾ ਹੈ ਤੇ ਸਾਰਿਆਂ ਦੇ ਅੰਦਰ ਵਸਦਾ ਹੈ, ਕੱਛੂਕੁੰਮੀ ਆਪ ਪਾਣੀ ਚ ਰਹਿੰਦੀ ਹੈ ਤੇ ਉਸਦੇ ਬੱਚੇ ਬਾਹਰ ਪੱਤਣ 'ਤੇ ਪਲਦੇ ਹਨ। ਕੀੜਾ ਪੱਥਰ ਵਿੱਚ ਹੁੰਦਾ ਹੈ, ਉਸ ਨੂੰ ਉੱਥੇ ਹੀ ਖ਼ੁਰਾਕ ਮਿਲਦੀ ਹੈ। ਪ੍ਰਭੂ ਸਭ ਦਾ ਫ਼ਿਕਰ ਰੱਖਦਾ ਹੈ ਤੇ ਸਭ ਨੂੰ ਦਿੰਦਾ ਹੈ-

ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥

ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ ॥੧ ॥

ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖ ਖੀਰੁ ਤਿਨ ਨਾਹੀ ॥

ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ ॥ ੨ ॥

ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ ॥

ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ ॥ ੩ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੪੮੮)

ਜਿੱਥੇ ਭਗਤ ਤ੍ਰਿਲੋਚਨ ਜੀ, ਭਗਤ ਸੈਣ ਜੀ, ਭਗਤ ਪੀਪਾ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਦੇ ਸ਼ਬਦ ਆਰਤੀ 'ਚ ਗਾਏ ਜਾਂਦੇ ਹਨ, ਉੱਥੇ ਭਗਤ ਧੰਨਾ ਜੀ ਦਾ ਤੀਜਾ ਸ਼ਬਦ ਵੀ ਉਹਨਾਂ ਨਾਲ ਹੀ ਗਾਇਆ ਜਾਂਦਾ ਹੈ। ਇਸ ਸ਼ਬਦ 'ਚ ਭਗਤ ਜੀ ਨੇ ਆਪਣੀ ਸਿੱਧ-ਪੱਧਰੀ ਆਦਤ ਅਨੁਸਾਰ ਪ੍ਰਮਾਤਮਾ ਤੋਂ ਆਪਣੀ ਜ਼ਿੰਦਗੀ 'ਚ ਲੋੜੀਂਦੀਆਂ ਚੀਜਾਂ ਮੰਗੀਆਂ ਹਨ, ਜੋ ਜੀਵਨ ਦੀ ਲੋੜ ਹੈ। ਇਹਨਾਂ ਬਿਨਾਂ ਮਨੁੱਖ ਜ਼ਿੰਦਾ ਨਹੀਂ ਰਹਿ ਸਕਦਾ, ਜਿਵੇ ਦਾਲ, ਘਿਉ, ਜੁੱਤੀ, ਕੱਪੜਾ,ਅਨਾਜ, ਦੁੱਧ ਪੀਣ ਵਾਸਤੇ ਗਾਂ, ਮਹਿੰ ਤੇ ਸਵਾਰੀ ਵਾਸਤੇ ਘੋੜੀ। ਭਗਤ ਜੀ ਦੀ ਧੰਨਤਾ ਇਸ ਗੱਲ ਵਿੱਚ ਵੀ ਹੈ ਕਿ ਜਿੱਥੇ ਕਈ ਧਾਰਮਕ ਰਹਿਬਰ ਔਰਤ ਨੂੰ ਭਗਤੀ ਦੇ ਰਾਹ ਦਾ ਰੋੜਾ ਸਮਝਦੇ ਹਨ, ਉੱਥੇ ਭਗਤ ਜੀ ਪ੍ਰਭੂ ਤੋਂ ਗ੍ਰਹਿਣੀ ਦੀ ਵੀ ਮੰਗ ਕਰਦੇ ਹਨ ਤਾਂ ਕਿ ਘਰ ਗ੍ਰਹਿਸਤੀ ਚੱਲ ਸਕੇ। ਭਗਤ ਜੀ ਨੂੰ ਵਿਸ਼ਵਾਸ਼ ਹੈ ਕਿ ਪ੍ਰਮਾਤਮਾ ਭਗਤੀ ਕਰਨ ਵਾਲਿਆਂ ਦੇ ਕੰਮ ਆਪ ਸੁਆਰਦਾ ਹੈ ਤੇ ਜੋ ਮੰਗੋ ਉਹ ਦਿੰਦਾ ਹੈ-

ਦਾਲਿ ਸੀਧਾ ਮਾਗਉ ਘੀਉ ॥

ਹਮਰਾ ਖੁਸੀ ਕਰੈ ਨਿਤ ਜੀਉ ॥

ਪਨ੍ਹੀਆ ਛਾਦਨੁ ਨੀਕਾ ॥

ਅਨਾਜ ਮਗਉ ਸਤ ਸੀ ਕਾ ॥੧ ॥

ਗਊ ਭੈਸ ਮਗਉ ਲਾਵੇਰੀ ॥

ਇਕ ਤਾਜਨਿ ਤੁਰੀ ਚੰਗੇਰੀ ॥

ਘਰ ਕੀ ਗੀਹਨਿ ਚੰਗੀ ॥

ਜਨੁ ਧੰਨਾ ਲੇਵੈ ਮੰਗੀ ॥੨ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ ੬੯੫)

ਭਗਤ ਧੰਨਾ ਜੀ ਨੇ ਗ੍ਰਹਿਸਤੀ ਜੀਵਨ ਜੀਵਿਆ, ਕਿਰਤ ਨੂੰ ਮਹੱਤਤਾ ਦਿੱਤੀ, ਨਾਮ ਜਪ ਕੇ ਮਨ ਪ੍ਰਭੂ ਨਾਲ ਜੋੜ ਲਿਆ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਵੀ ਭਗਤ ਧੰਨਾ ਜੀ ਦਾ ਪ੍ਰਮਾਤਮਾ ਪ੍ਰਤੀ ਯਕੀਨ, ਸ਼ਰਧਾ ਤੇ ਭੋਲੇਪਨ ਦਾ ਵਰਨਣ ਕਰਦਿਆਂ ਫੁਰਮਾਇਆ ਹੈ-

ਧੰਨੈ ਸੇਵਿਆ ਬਾਲ ਬੁਧਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ (੧੧੯੨)

ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ (੪੮੮)

ਇੱਕ ਸਿਧੇ-ਸਾਦੇ ਜੱਟ ਨੇ ਭਗਤੀ ਕਰਕੇ ਸਰਬ ਸ਼ਕਤੀਮਾਨ ਰੱਬ ਨੂੰ ਜਾਣ ਲਿਆ ਸੀ; ਪਾ ਲਿਆ ਸੀ। ਇਹ ਹੀ ਉਹਨਾਂ ਦੀ ਅਸਲ ਵਡਿਆਈ ਹੈ।

## ਅਭਿਆਸ–ਪ੍ਰਸ਼ਨ

1. ਭਗਤ ਧੰਨਾ ਜੀ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?
2. ਆਰਤੀ ਵਿੱਚ ਕਿਹੜੇ-ਕਿਹੜੇ ਭਗਤਾਂ ਦੇ ਸ਼ਬਦ ਗਾਏ ਜਾਂਦੇ ਹਨ ?
3. ਆਪਣੇ ਪਹਿਲੇ ਸ਼ਬਦ ਵਿੱਚ ਭਗਤ ਧੰਨਾ ਜੀ ਕੀ ਸਮਝਾਉਂਦੇ ਹਨ ?
4. ਭਗਤ ਧੰਨਾ ਜੀ ਦਾ ਚੋਰੂ ਪਿੰਡ ਨਾਲ ਕੀ ਸੰਬੰਧ ਜੋੜਿਆ ਜਾਂਦਾ ਹੈ ?
5. 'ਸਾਧਨਾ ਤੇ ਸਾਦਗੀ ਦੀ ਮੂਰਤ : ਭਗਤ ਧੰਨਾ ਜੀ' ਜੀਵਨੀ-ਮੂਲਕ ਨਿਬੰਧ ਦਾ ਸਾਰ ਆਪਣੇ ਸ਼ਬਦਾਂ ਵਿੱਚ ਬਿਆਨ ਕਰੋ ?